


# ਗੁਲਦਸਤੇ

ਪਰਮਜੀਤ ਕੌਰ ਸਰਹਿੰਦ

ਆਮ ਤੌਰ ਤੇ ਅਖ਼ਬਾਰਾਂ ਵਿਚ ਨਿੱਕੀਆਂ ਬੱਚੀਆਂ ਧੀਆਂ ਵਾਰੇ ਮਾਪਿਆਂ ਦੇ ਨਿੱਕੇ-ਨਿੱਕੇ ਮਿੱਠੇ-ਮਿੱਠੇ ਅਨੁਭਵ ਪੜ੍ਹਨ ਨੂੰ ਮਿਲਦੇ ਹਨ। ਜਿਨ੍ਹਾਂ ਨੂੰ ਪੜ੍ਹ ਕੇ ਮੈਨੂੰ ਲੱਗਦਾ ਹੈ ਕਿ ਘਰ ਤਾਂ ਜਿਵੇਂ ਗੁਲਦਸਤੇ ਹੁੰਦੇ ਨੇ ਜਿੱਥੋਂ ਸਾਨੂੰ ਇਹ ਖੁਸ਼ਬੂ ਵਰਗੇ ਅਹਿਸਾਸ ਨਸੀਬ ਹੁੰਦੇ ਨੇ। ਗੁਲਦਸਤੇ ਵਿਚ ਫੁੱਲ ਵੀ ਹੁੰਦੇ ਨੇ ਤੇ ਕਲੀਆਂ ਵੀ। ਇਹ ਰਲਕੇ ਆਪਣੀ ਖ਼ੁਸ਼ਬੂ ਨਾਲ ਸਾਡੀ ਰੂਹ ਨੂੰ ਨਸ਼ਿਆਉਂਦੇ ਨੇ, ਘਰ ਨੂੰ ਮਹਿਕਾਉਂਦੇ ਨੇ। ਕਦੇ ਦੁੱਖਾਂ ਦੀਆਂ ਵਗਦੀਆਂ ਤੱਤੀਆਂ ਲੂਆਂ ਵਿਚ ਇਹ ਸਮੀਰ ਦੇ ਬੁੱਲੇ ਬਣ ਕੇ ਰੁਮਕਦੇ ਨੇ ਤੇ ਕਦੇ ਇੱਕ ਕ੍ਰਿਸ਼ਮੇਂ ਵਾਂਗ ਵਹਿੰਦੇ ਹੰਝੂਆਂ ਲਈ ਇਨ੍ਹਾਂ ਦੀ ਨਿਰਛਲ ਮੁਸਕਾਨ ਰੇਸ਼ਮੀ ਰੁਮਾਲ ਬਣਕੇ ਬਹੁੜਦੀ ਹੈ, ਜਿਸ ਦੀ ਬਦੌਲਤ ਕੋਈ ਮਰੂੰ-ਮਰੂੰ ਕਰਦੀ ਜਿੰਦ ਵੀ ਜੀਣਾ ਸੋਚਣ ਲੱਗ ਪੈਂਦੀ ਹੈ। ਇਹ ਫੁੱਲ ਤੇ ਕਲੀਆਂ ਸਾਡੇ ਨਿੱਕੇ-ਨਿੱਕੇ ਮਾਸੂਮ ਜਿਹੇ ਬੱਚੇ ਹੁੰਦੇ ਨੇ ਰੱਬ ਵਰਗੇ...। ਇਹ ਸਾਡੇ ਆਪਣੇ ਜਾਏ ਵੀ ਹੋ ਸਕਦੇ ਨੇ, ਸਾਡੇ ਧੀਆਂ-ਪੁੱਤਰਾਂ ਦੇ ਬੱਚੇ ਵੀ ਅਤੇ ਕਿਸੇ ਹੋਰ ਆਪਣੇ-ਪਰਾਏ ਦੇ ਵੀ। ਜੋ ਸਾਡੇ ਆਲੇ-ਦੁਆਲੇ ਟਹਿਕਦੇ-ਮਹਿਕਦੇ ਨੇ। ਇਨ੍ਹਾਂ ਦੀ ਟਹਿਕ-ਮਹਿਕ ਇੱਕੋ ਜਿਹੀ ਹੁੰਦੀ ਹੈ, ਜੇ ਅਸੀਂ ਸਮਝ ਸਕੀਏ ਮਹਿਸੂਸ ਕਰ ਸਕੀਏ।

ਮੇਰੇ ਬੇਟੇ ਦੇ ਦੋ ਨਿੱਕੇ ਬੱਚੇ ਨੇ ਸਵਾ ਕੁ ਚਾਰ ਸਾਲਾਂ ਦੀ ਧੀ ਅਤੇ ਸਾਢੇ ਕੁ ਪੰਜ ਸਾਲਾਂ ਦਾ ਪੁੱਤਰ। ਜੇ ਅਸੀਂ ਉਨ੍ਹਾਂ ਨੂੰ ਪਿਆਰਦਿਆਂ ਦੁਲਾਰਦਿਆਂ ਇੱਕ ਨੂੰ ਆਖ ਦੇਈਏ 'ਤੁਸੀਂ ਤਾਂ ਸਾਡੇ ਪਿਆਰੇ ਬੇਟੇ ਓ' ਤਾਂ ਦੂਜਾ ਫੁੱਲੇ ਹੋਏ ਗੁਬਾਰੇ ਵਰਗਾ ਮੂੰਹ ਬਣਾ ਕੇ ਰੁੱਸ ਕੇ ਆਖਦਾ ਹੈ "ਕਿਉਂ ਮੈਂ ਤੁਹਾਡਾ ਪਿਆਰਾ ਬੇਟਾ ਨਹੀਂ ਹਾਂ?" ਤੇ ਅਸੀਂ ਬੜੀ ਮੁਸ਼ਕਿਲ ਨਾਲ ਉਨ੍ਹਾਂ ਨੂੰ ਮਨਾਉਂਦੇ ਹਾਂ। ਸਵੇਰੇ ਉੱਠ ਕੇ ਦੋਵੇਂ ਗੁੱਡ ਮੌਰਨਿੰਗ ਤੇ ਰਾਤੀਂ ਸੌਣ ਲੱਗੇ ਗੁੱਡ ਨਾਈਟ ਜ਼ਰੂਰ ਕਹਿੰਦੇ ਨੇ ਪਰ ਮੈਂ ਉਨ੍ਹਾਂ ਨੂੰ ਸਵੇਰੇ ਸ਼ੁਭ ਸਵੇਰ ਤੇ ਰਾਤੀਂ ਸ਼ੁਭ ਰਾਤਰੀ ਕਹਿਣਾ ਸਿਖਾ ਇਸ ਤਰ੍ਹਾਂ ਆਪਣੀ ਮਾਂ ਬੋਲੀ ਨਾਲ ਜੋੜਨ ਦੀ ਕੋਸ਼ਿਸ਼ ਕਰ ਰਹੀ ਹਾਂ। ਲਾਡੋ ਰਾਣੀ ਤਾਂ ਸਿੱਖ ਗਈ ਹੈ ਪਰ ਪੁੱਤਰ ਜੀ ਕਦੇ-ਕਦੇ ਗੁੱਡ ਨਾਈਟ ਜਾਂ ਗੁੱਡ ਮੌਰਨਿੰਗ ਦਾ ਰੱਟਾ ਪਾ ਲੈਂਦੇ ਨੇ ਕਿ "ਸਕੂਲ ਵਿਚ ਮੈਡਮ ਤਾਂ ਕਹਿੰਦੇ ਨੇ ਗੁੱਡ ਮੌਰਨਿੰਗ ਤੇ ਗੁੱਡ ਨਾਈਟ ਆਖਿਆ ਕਰੋ...।' ਖ਼ੈਰ ਜਦੋਂ ਉਹ ਸਵੇਰੇ ਸੁਸਤੀ ਵਿਚ ਹੋਣ ਤੇ ਵੀ ਮਿੱਠੇ ਜਿਹੇ ਬੋਲਾਂ ਨਾਲ ਕਹਿੰਦੇ ਨੇ 'ਦਾਦਾ ਮੰਮੀ-ਪਾਪਾ ਸ਼ੁਭ ਸਵੇਰ' ਤਾਂ ਲੱਗਦਾ ਹੈ ਸੂਰਜ ਦੀਆਂ ਕਿਰਨਾਂ ਮੁਸਕਰਾ ਰਹੀਆਂ ਨੇ ਫਿਜ਼ਾ ਵਿੱਚ ਮਹਿਕ ਘੁਲ ਗਈ ਹੈ ਉਨ੍ਹਾਂ ਨੰਨ੍ਹਿਆਂ ਮੁੰਨਿਆਂ ਦੇ ਬੋਲ ਸਾਨੂੰ ਕਿਸੇ ਦੁਆ ਜਿਹੇ ਲੱਗਦੇ ਨੇ...।

ਸਵੇਰੇ ਤੇ ਰਾਤੀਂ ਸਾਡੀ ਨਿੱਕੀ ਬੱਚੀ ਭਰਾ ਦੇ ਰੀਸੇ ਸਾਡੇ ਪੈਰ ਛੂਹਣ ਦੀ ਜ਼ਿੱਦ ਕਰਦੀ ਹੈ। ਪੈਰ ਛੂਹਣ ਤੇ ਜਿਵੇਂ ਅਸੀਂ ਬੇਟੇ ਨੂੰ ਪਿਆਰ ਤੇ ਦੁਆਵਾਂ ਦੇਂਦੇ ਹਾ ਬੱਚੀ ਨੂੰ ਵੀ ਉਸੇ ਤਰ੍ਹਾਂ ਪਿਆਰਦੇ ਹਾਂ। ਪੈਰ ਛੂਹਣ ਦੀ ਜ਼ਿੱਦ ਕਰਦੀ ਨੂੰ ਮੈਂ ਬੜੀ ਔਖ ਨਾਲ ਸਮਝਾਉਂਦੀ ਹਾਂ ਕਿ ਬੇਟਾ ਤੂੰ ਤਾਂ ਸਾਡੀ ਦੇਵੀ ਏਂ-ਕੰਨਿਆ ਦੇਵੀ, ਤੇ ਕੋਈ ਦੇਵੀ ਕਦੇ ਕਿਸੇ ਦੇ ਪੈਰ ਛੂੰਹਦੀ ਹੈ?' ਇੱਕ ਦਿਨ ਸਵੇਰੇ 'ਸ਼ੁਭ ਸਵੇਰ' ਕਹਿ ਕੇ ਬੱਚੀ ਨੇ ਆਪਣੇ ਇੱਕ ਹੱਥ ਦੀ ਮੁੱਠੀ ਜਿਹੀ ਬਣਾ ਕੇ ਆਪਣੇ ਸਿਰ ਤੇ ਰੱਖੀ ਤੇ ਮੈਨੂੰ ਆਖਮ ਲੱਗੀ "ਦਾਦਾ ਮੰਮੀ ਦੇਖੋ ਇਹ ਮੇਰਾ ਜੂੜਾ ਹੈ, ਮੈਂ ਮੁੰਡਾ ਬਣ ਗਈ' ਮੈਂ ਸਹਿਜ ਸੁਭਾਅ ਪਿਆਰ ਨਾਲ ਕਿਹਾ 'ਹਾਂ ਬੇਟਾ ਤੁਸੀਂ ਮੁੰਡਾ ਬਣ ਗਏ' ਤਾਂ ਉਸ ਨੇ ਝਟਪਟ ਦੂਜੇ ਹੱਥ ਨਾਲ ਮੇਰੇ ਪੈਰ ਛੂਹ ਲਏ। ਮੈਂ ਹੈਰਾਨ ਹੋਈ ਉਸ ਦੀ ਮਾਸੂਮੀਅਤ ਅਤੇ ਸੂਝ ਨੂੰ ਦੇਖਦੀ ਰਹਿ ਗਈ ਤੇ ਪਿਆਰ ਨਾਲ ਉਸ ਨੂੰ ਗਲ ਲਾ ਕੇ ਕਿਹਾ 'ਬੇਟਾ ਤੂੰ ਸਾਡੀ ਦੇਵੀ ਹੀ ਨਹੀਂ ਉਸਤਾਦ ਵੀ ਏਂ।' ਕਦੇ ਮੈਂ ਜ਼ਰਾ ਉਦਾਸ ਹੋਵਾਂ ਦੋਵੇਂ ਬੱਚੇ ਪੁੱਛਣਗੇ 'ਤੁਸੀਂ ਚੁੱਪ ਕਿਉਂ ਹੋ?' ਉਹ ਉਦਾਸੀ ਨੂੰ ਚੁੱਪ ਦਾ ਨਾਂ ਦੇਂਦੇ ਨੇ। ਉਹਨਾਂ ਦੀ ਪੁੱਛ ਨਾਲ ਜਿਵੇਂ ਅੱਧੀ ਉਦਾਸੀ ਉੱਡ ਜਾਂਦੀ ਹੈ....।

ਰੋਜ ਦੋਵੇਂ ਬੱਚੇ ਤਿੰਨ ਕੁ ਵਜੇ ਸਕੂਲੋਂ ਆ ਕੇ ਕੁਝ ਖਾ ਪੀ ਕੇ ਮੇਰੇ ਕੋਲ ਖੇਡਦੇ ਨੇ। ਇੱਕ ਦਿਨ ਮੇਰੇ ਬੈਡ ਤੇ ਆਪਣੇ ਖਿਡੌਣੇ ਖਿਲਾਰੀ ਖੇਡ ਰਹੇ ਸਨ। ਮੈਨੂੰ ਥੋੜ੍ਹੀ ਠੰਢਕ ਮਹਿਸੂਸ ਹੋਈ ਤੇ ਮੈਂ ਕਿਹਾ "ਪੂਨਮ ਪ੍ਰਤੀਕ ਬੇਟਾ ਮੈਨੂੰ ਕੰਬਲ ਲਿਆ ਕੇ ਦਿਓ' ਉਹ ਬਹਾਨੇਬਾਜ਼ੀ ਕਰਦਿਆਂ ਬੋਲਿਆ 'ਮੈਨੂੰ ਪਤਾ ਨਹੀਂ ਕੰਬਲ ਕਿੱਥੇ ਹੈ?' ਮੈਂ ਕਿਹਾ ਤੁਹਾਨੂੰ ਪਤਾ ਹੈ ਕੰਬਲ ਸਟੋਰ ਵਿਚ ਹੈ 'ਤੇ ਉਹ ਹੱਸਦਾ ਹੋਇਆ ਆਪਣੇ ਨਿੱਕੇ-ਨਿੱਕੇ ਹੱਥਾਂ ਨਾਲ ਕੰਬਲ ਚੁੱਕ ਲਿਆਇਆ। ਮੈਂ ਕਿਹਾ 'ਬੇਟਾ ਸ਼ੁਕਰੀਆ' ਉਹ ਬੋਲਿਆ 'ਇਸ ਵਿਚ ਸ਼ੁਕਰੀਆ ਕਰਨ ਦੀ ਕੋਈ ਜ਼ਰੂਰਤ ਨਹੀਂ ਇਹ ਮੇਰਾ 'ਫਰਸ' (ਫਰਜ਼) ਹੈ" ਉਸ ਦੇ ਮਿੱਠੇ ਤੇ ਸਿਆਣੇ ਬੋਲ ਸੁਣ ਕੇ ਮੈਂ ਦੰਗ ਰਹਿ ਗਈ ਤੇ ਉਸ ਨੂੰ ਪਿਆਰ ਨਾਲ ਪੁੱਛਿਆ ਕਿ "ਤੁਸੀਂ ਐਡੀ ਸੋਹਣੀ ਚੰਗੀ ਗੱਲ ਕਿੱਥੋਂ ਸਿੱਖੀ ਹੈ?" ਪਹਿਲਾਂ ਤਾਂ ਉਸ ਆਖਿਆ "ਮੈਨੂੰ ਆਪੀ ਪਤਾ ਹੈ" ਪਰ ਫਿ ਗੰਭੀਰ ਜਿਹਾ ਮੂੰਹ ਬਣਾਉਂਦਿਆਂ ਮੱਥੇ ਤੇ ਹੱਥ ਰੱਖ ਕੇ ਪਲ ਕੁ ਸੋਚ ਕੇ ਬੋਲਿਆ "ਓ-ਹੋ-ਯਾਦ ਆਇਆ-ਟੀ.ਵੀ. ਵਾਲਾ ਅੰਕਲ ਕਹਿੰਦਾ ਸੀ, ਇੱਕ ਮੁੰਡੇ ਦਾ ਮੋਟਰ ਸਾਈਕਲ ਸਲਿੱਪ ਕਰ ਗਿਆ ਤੇ ਉਹ ਡਿੱਗ ਪਿਆ ਸੜਕ ਤੇ ਇੱਕ ਅੰਕਲ ਤੁਰਿਆ ਜਾਂਦਾ ਸੀ ਉਸ ਮੁੰਡੇ ਨੇ ਉਸ ਨੂੰ ਕਿਹਾ-ਅੰਕਲ ਸ਼ੁਕਰੀਆ' ਪਰ ਅੰਕਲ ਨੇ ਕਿਹਾ ਇਸ ਵਿਚ ਸ਼ੁਕਰੀਆ ਕਰਨ ਦੀ ਕੋਈ ਜ਼ਰੂਰਤ ਨਹੀਂ ਇਹ ਮੇਰਾ 'ਫਰਸ' (ਫਰਜ਼) ਹੈ।'

ਮੈਂ ਸੋਚਦੀ ਹਾਂ ਸਾਡੇ ਭੋਲੇ-ਭਾਲੇ ਬੱਚੇ ਸਹਿਜ ਸੁਭਾਅ ਕਿਵੇਂ ਕੁਝ ਚੰਗਾ ਗ੍ਰਹਿਣ ਕਰ ਲੈਂਦੇ ਨੇ ਜਦਕਿ ਅਸੀਂ ਵੱਡੇ ਕਈ ਵਾਰ ਇਨ੍ਹਾਂ ਗੱਲਾਂ ਦੀ ਪ੍ਰਵਾਹ ਨਹੀਂ ਕਰਦੇ। ਮੇਰੇ ਵਾਰ-ਵਾਰ ਸਮਝਾਉਣ ਤੇ ਵੀ ਉਹ ਫਰਜ਼ ਨੂੰ ਫਰਸ ਹੀ ਕਹਿ ਰਿਹਾ ਸੀ। ਉਹ ਆਪਣੀ ਗੱਲ ਤੇ ਬਜ਼ਿੱਦ ਸੀ ਕਿ ਫਰਜ਼ ਨਹੀਂ ਫਰਸ ਹੀ ਹੁੰਦਾ ਹੈ ਕਿਉਂਕਿ ਟੀ.ਵੀ. ਵਾਲਾ ਅੰਕਲ ਜੋ ਕਹਿ ਰਿਹਾ ਸੀ। ਇਨ੍ਹਾਂ ਨਿੱਕੇ-ਨਿੱਕੇ ਬੱਚਿਆਂ ਦੀਆਂ ਨਿੱਕੀਆਂ-ਨਿੱਕੀਆਂ ਮਿੱਠੀਆਂ ਗੱਲਾਂ ਕਈ ਵਾਰ ਬੜੀਆਂ ਸੂਝ ਵਾਲੀਆਂ ਵੀ ਹੋ ਨਿਬੜਦੀਆਂ ਨੇ। ਆਪਣੇ ਹਾਸਿਆਂ ਨਾਲ ਗੱਲਾਂ ਨਾਲ ਇਹ ਸਾਨੂੰ ਖੇੜਾ ਪ੍ਰਦਾਨ ਕਰਦੇ ਇਹ ਬੱਚੇ ਫੁੱਲ ਕਲੀਆਂ ਹੀ ਤਾਂ ਜਾਪਦੇ ਨੇ ਤੇ ਸਾਡੇ ਘਰ ਜਿਵੇਂ ਇਨ੍ਹਾਂ ਦੀ ਹੋਂਦ ਇਨ੍ਹਾਂ ਦੀ ਟਹਿਕ-ਮਹਿਕ ਨਾਲ ਗੁਲਦਸਤੇ ਬਣ ਜਾਂਦੇ ਨੇ...।




ਪਿਆਰੇ ਬੱਚਿਓ !
ਕੀ ਤੁਹਾਨੂੰ ਪਤਾ ਹੈ ਕਿ ਨਾਲ ਦਿੱਤੇ ਗਏ 1 ਤੋਂ 10 ਤੱਕ ਦੇ ਅੱਖਰਾ ਵਿਚੋਂ ਕਿਹੜਾ ਅੱਖਰ ਨਹੀਂ ਹੈ।

ਉੱਤਰ: 7

ਪੇਸ਼ਕਸ਼: ਭਾਗਵੰਤੀ ਪੁਰਬਾ
E-Mail: bhagwanti.purba@gmail.com

## ਨੰਨ੍ਹੇ ਬੱਚਿਆਂ ਦੀਆਂ ਬਣਾਈਆਂ ਤਸਵੀਰਾਂ












PRABHNOOR KAUR (U.S.A)


JAPNEET KAUR USA


HARSHWINDER SINGH ABORE (PB)

